ਖ਼ਾਲਸਾ ਕਾਲਜ ਅੰਮ੍ਰਿਤਸਰ
# Khalsa College Amritsar
Estd. 1892
An Autonomous College affiliated to G.N.D.U., Amritsar
UGC Letter No. F.22-1/2013 (AC) Dt. 22-05-2013
(O) : +91-183-2258097
: +91-183-5015511
Fax : +91-183-2255619
Pin :143002 (Pb.) India
e-mail : khalsacollegeamritsar@yahoo.com
Web : www.khalsacollege.edu.in
♦ A HERITAGE INSTITUTION AND COLLEGE WITH POTENTIAL FOR EXCELLENCE - *Status conferred by UGC* ♦
♦ NAAC REACCREDITED "A" GRADE (CGPA) ♦ STAR STATUS CONFERRED BY DBT, NEW DELHI ♦ AN ISO CERTIFIED COLLEGE ♦

No. 3391

Dated 1/9/22

ਖਾਲਸਾ ਕਾਲਜ,ਅੰਮ੍ਰਿਤਸਰ।

## SC/ST/OBC ਵਿਦਿਆਰਥੀਆਂ ਲਈ

## ਨੋਟਿਸ

ਭਾਰਤ ਸਰਕਾਰ ਦੀ ਪੋਸਟ-ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ/ਓ.ਬੀ.ਸੀ. ਸਕੀਮ ਅਧੀਨ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ ਵੱਲੋਂ ਸਾਲ 2022-23 ਦੌਰਾਨ ਐਸ.ਸੀ/ਓ.ਬੀ.ਸੀ. ਵਿਦਿਆਰਥੀਆਂ ਨੂੰ ਵਜੀਫੇ ਦਿੱਤੇ ਜਾਏ ਹਨ । ਸਮੂਹ ਐਸ.ਸੀ/ਓ.ਬੀ.ਸੀ. ਸਕਾਲਰਸ਼ਿਪ ਲਈ ਯੋਗ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਵਜੀਫੇ ਲਈ ਆਨ-ਲਾਈਨ **(http://punjabscholarships.gov.in)** ਅਪਲਾਈ ਕਰਨ।ਵਿਦਿਆਰਥੀ ਇਸ ਸਾਈਟ ਤੇ ਆਨ-ਲਾਈਨ ਅਪਲਾਈ ਕਰਨ ਅਤੇ **30.09.2022** ਤੱਕ ਅਪਲਾਈ ਕਰਕੇ ਉਸ ਦੀ ਹਾਰਡ ਕਾਪੀ ਸਬੰਧਤ ਦਸਤਾਵੇਜ਼ਾਂ ਸਮੇਤ ਦਫਤਰ ਵਿੱਚ ਸਬੰਧਤ ਕਲਰਕ ਨੂੰ ਹਰ ਹਾਲਤ ਵਿੱਚ ਜਮ੍ਹਾਂ ਕਰਵਾਉਣ ।

ਅਨੁਸੂਚਿਤ ਜਾਤੀਆਂ ਨਾਲ ਸਬੰਧਤ ਉਹ ਵਿਦਿਆਰਥੀ ਜਿਨ੍ਹਾਂ ਪਾਸੋਂ ਸਿਰਫ ਸ਼ੁਧ ਫੀਸ ਲੈ ਕੇ ਦਾਖਲਾ ਦਿੱਤਾ ਗਿਆ ਸੀ, ਜੇਕਰ ਉਹ ਨਿਸਚਿਤ ਮਿਤੀ ਤੱਕ ਵਜੀਫੇ ਲਈ ਅਪਲਾਈ ਨਹੀ ਕਰਦੇ ਤਾਂ ਉਨ੍ਹਾਂ ਕੋਲੋਂ ਪੂਰੀ ਫੀਸ ਵਸੂਲ ਕੀਤੀ ਜਾਵੇਗੀ ਅਤੇ ਉਸ ਦੀ ਸਾਰੀ ਜ਼ਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇਗੀ ।

ਫਾਰਮ ਭਰਨ ਸਮੇਂ ਹੇਠ ਲਿਖੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ :-

1. ਫਾਰਮ ਨਾਲ ਜਾਤ ਸਬੰਧੀ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ ਲਗਾਉਣਾ ਜ਼ਰੂਰੀ ਹੈ।
2. ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਵਿਦਿਆਰਥੀਆਂ ਦੇ ਮਾਪਿਆਂ ਦੀ ਸਾਰੇ ਸੋਰਸਿਜ਼ ਤੋਂ ਸਲਾਨਾ ਆਮਦਨ ਦੋ ਲੱਖ ਪੰਜਾਹ ਹਜ਼ਾਰ **(2,50,000/-ਰੁ.)** ਰੁਪਏ ਤੋਂ ਵੱਧ ਨਾ ਹੋਵੇ ।
3. ਪੱਛੜੀਆਂ ਜਾਤੀਆਂ ਨਾਲ ਸਬੰਧਿਤ ਵਿਦਿਆਰਥੀਆਂ ਦੇ ਮਾਪਿਆਂ ਦੀ ਸਲਾਨਾ ਆਮਦਨ ਇੱਕ ਲੱਖ (1,00,000/-ਰੁ.) ਰੁਪਏ ਤੋਂ ਵੱਧ ਨਾ ਹੋਵੇ ।
4. ਫਾਰਮ ਦੇ ਨਾਲ ਪਿਛਲੀ ਪਾਸ ਕੀਤੀ ਕਲਾਸ ਦੇ ਅਸਲ ਅੰਕ ਵੇਰਵਾ ਕਾਰਡ ਦੀ ਤਸਦੀਕਸ਼ੁਦਾ ਕਾਪੀ ਲਗਾਉਣੀ ਜਰੂਰੀ ਹੈ ।
5. ਵਿਦਿਆਰਥੀ ਪੰਜਾਬ ਰਾਜ ਦਾ ਵਸਨੀਕ ਹੋਵੇ, ਇਸ ਸਬੰਧੀ ਡੋਮੇਸਾਈਲ ਸਰਟੀਫਿਕੇਟ ਲਗਾਉਣਾ ਜਰੂਰੀ ਹੈ ।
6. ਇਨਕਮ ਸਰਟੀਫਿਕੇਟ(2022-2023) ਤਹਿਸੀਲਦਾਰ ਦੁਆਰਾ ਜਾਰੀ ਕੀਤਾ ਹੋਵੇ।ਜੇਕਰ ਪਿਤਾ ਜੀ ਨਹੀ ਹਨ ਤਾਂ ਉਹਨ੍ਹਾਂ ਦਾ ਸਬੂਤ ਨਾਲ ਲਗਾਇਆ ਜਾਵੇ ਤੇ ਫਿਰ ਸਰਟੀਫਿਕੇਟ ਮਾਤਾ ਜੀ ਵੱਲੋਂ ਦਿੱਤਾ ਜਾਵੇ ।
7. ਜੇਕਰ ਵਿਦਿਆਰਥੀ ਦੇ ਮਾਤਾ/ਪਿਤਾ ਸਰਕਾਰੀ ਜਾਂ ਗੈਰ-ਸਰਕਾਰੀ ਕਰਮਚਾਰੀ ਹਨ ਤਾਂ ਉਨ੍ਹਾਂ ਦਾ ਸੈਲਰੀ ਸਰਟੀਫਿਕੇਟ ਜੋ ਡੀ.ਡੀ.ਓ. ਵੱਲੋਂ ਜਾਰੀ ਕੀਤਾ ਹੋਵੇ, ਨਾਲ ਲਗਾਉਣਾ ਜਰੂਰੀ ਹੈ ਤੇ ਜੇਕਰ ਮਾਤਾ/ਪਿਤਾ ਪੈਨਸ਼ਨਰ ਹਨ ਤਾਂ ਪੈਨਸ਼ਨ ਸਰਟੀਫਿਕੇਟ ਦੀ ਕਾਪੀ ਬੈਂਕ ਪਾਸੋਂ ਪ੍ਰਾਪਤ ਕਰਕੇ ਫਾਰਮ ਦੇ ਨਾਲ ਲਗਾਉਣਾ ਜਰੂਰੀ ਹੈ ।
8. ਵਿਦਿਆਰਥੀ ਦਾ ਨਿੱਜੀ ਬੈਂਕ ਅਕਾਊਂਟ ਆਨ-ਲਾਈਨ ਸੁਵਿਧਾ ਵਾਲੇ ਬੈਂਕ ਦਾ ਹੋਣਾ ਚਾਹੀਦਾ ਹੈ ਤਾਂ ਜੋ ਆਈ.ਐਫ.ਐਸ.ਸੀ. ਕੋਡ ਫਾਰਮ ਵਿੱਚ ਭਰਿਆ ਜਾ ਸਕੇ । ਇਹ ਬੈਂਕ ਅਕਾਊਂਟ ਅਧਾਰ ਕਾਰਡ ਨਾਲ ਲਿੰਕ ਹੋਣਾ ਚਾਹੀਦਾ ਹੈ ।ਜੇਕਰ ਲਿੰਕ ਨਹੀਂ ਹੋਵੇਗਾ ਤਾਂ ਉਨ੍ਹਾਂ ਦੀ ਸਕਾਲਰਸ਼ਿਪ ਦੀ ਬਣਦੀ ਰਕਮ ਵਿਭਾਗ ਵੱਲੋਂ ਟ੍ਰਾਂਸਫਰ ਨਹੀਂ ਕੀਤੀ ਜਾਵੇਗੀ, ਜਿਸਦੀ ਸਾਰੀ ਜਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇਗੀ ।
9. ਵਿਦਿਆਰਥੀ ਦਾ ਮੋਬਾਇਲ/ਫੋਨ ਨੰਬਰ ਲਿੱਖਣਾ ਵੀ ਜਰੂਰੀ ਹੈ ਤਾਂ ਜੋ ਪ੍ਰੋਫਾਰਮੇ ਵਿੱਚ ਭਰਿਆ ਜਾ ਸਕੇ ਅਤੇ ਲੋੜ ਪੈਣ ਤੇ ਸੰਪਰਕ ਕੀਤਾ ਜਾ ਸਕੇ ।
10. ਫਾਰਮ ਦੇ ਨਾਲ ਅਧਾਰ ਕਾਰਡ (ਯੂ.ਆਈ.ਡੀ. ਕਾਰਡ)ਦੀ ਫੋਟੋ-ਕਾਪੀ ਲਗਾਉਣੀ ਜਰੂਰੀ ਹੈ ।ਅਧਾਰ ਕਾਰਡ ਬੈਂਕ ਅਕਾਊਂਟ ਨਾਲ ਲਿੰਕ ਹੋਣਾ ਜਰੂਰੀ ਹੈ ।
11. ਫਾਰਮ ਦੇ ਨਾਲ ਆਪਣੇ ਮਾਤਾ-ਪਿਤਾ ਦੇ ਅਧਾਰ ਕਾਰਡ ਦੀ ਫੋਟੋ-ਕਾਪੀ ਲਗਾਉਣੀ ਜਰੂਰੀ ਹੈ

**ਨੋਟ:- ਵਜੀਫਾ ਫਾਰਮ ਮਿਤੀ 25.09.2022 ਤੱਕ ਨਾ ਭਰਨ ਦੀ ਸੂਰਤ ਵਿੱਚ ਵਿਦਿਆਰਥੀ ਨੂੰ ਵਜੀਫਾ ਨਾ ਮਿਲਣ ਲਈ ਉਹ ਖੁਦ ਜਿੰਮੇਵਾਰ ਹੋਵੇਗਾ ਅਤੇ ਉਸ ਪਾਸੋਂ ਸਾਰੀ ਫੀਸ ਰਿਕਵਰ ਕਰ ਲਈ ਜਾਵੇਗੀ ।**

ਰਜਿਸਟਰਾਰ

**ਉਤਾਰਾ:-**

1. ਰਜਿਸਟਰਾਰ
2. ਸਮੂਹ ਵਿਭਾਗਾਂ ਦੇ ਮੁਖੀਆਂ/ਇੰਚਾਰਜ ਨੂੰ:- ਵਿਦਿਆਰਥੀਆਂ ਦੀ ਜਾਣਕਾਰੀ ਹਿੱਤ
3. ਸਾਰੇ ਨੋਟਿਸ ਬੋਰਡ
4. ਸਬੰਧਤ ਕਰਮਚਾਰੀ
5. ਫਾਇਲ
6. ਵੈਬਸਾਇਟ

CamScanner